**ਈ.ਆਈ.ਏ. ਨੋਟੀਫਿਕੇਸਨ ਮਿਤੀ 14.09.2006 ਅਧੀਨ ਕਾਰਜਕਾਰੀ ਇੰਜੀਨੀਅਰ/ ਤਰਨਤਾਰਨ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਪਿੰਡ ਜਲੋਕੇ ਅਤੇ ਕੋਟ ਬੁੱਢਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਦੀ ਰੈਵੀਨਿਊ ਐਸਟੇਟ ਅਧੀਨ ਰੇਤ ਦੀ ਮਾਇਨਿੰਗ ਕਰਨ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਜਨਤਕ ਸੁਣਵਾਈ ਮਿਤੀ 11.03.2024, ਸਮਾਂ ਸਵੇਰੇ 11:00 ਵਜੇ, ਗੁਰਦੁਆਰਾ ਸਾਹਿਬ, ਪਿੰਡ ਜਲੋਕੇ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਦੀ ਕਾਰਵਾਈ ਰਿਪੋਰਟ।**

ਇਸ ਸੁਣਵਾਈ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ-

1. ਸ੍ਰੀ ਕਿਰਪਾਲਵੀਰ ਸਿੰਘ ਪੀ.ਸੀ.ਐਸ.
   ਉਪ ਮੰਡਲ ਮੈਜਿਸਟਰੇਟ,
   ਪੱਟੀ, ਜ਼ਿਲ੍ਹਾ ਤਰਨਤਾਰਨ।
2. ਇੰਜ. ਸੁਖਦੇਵ ਸਿੰਘ,
   ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀ ਦਫ਼ਤਰ, ਅੰਮ੍ਰਿਤਸਰ।
3. ਇੰਜ. ਵਿਸ਼ਾਲ ਮਹਿਤਾ,
   ਕਾਰਜਕਾਰੀ ਇੰਜੀਨੀਅਰ-ਕਮ-ਮਾਈਨਿੰਗ ਅਫਸਰ,
   ਤਰਨਤਾਰਨ
4. ਇੰਜ. ਵਿਨੋਦ ਕੁਮਾਰ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀ ਦਫ਼ਤਰ, ਅੰਮ੍ਰਿਤਸਰ।
5. ਸ੍ਰੀ ਜਸਵਿੰਦਰ ਸਿੰਘ ਸੋਢੀ,
   ਸੀਨੀਅਰ ਉਦਯੋਗਿਕ ਪ੍ਰਮੋਸ਼ਨ ਅਫਸਰ,
   ਡੀ.ਆਈ.ਸੀ., ਤਰਨਤਾਰਨ

ਜਨਤਕ ਸੁਣਵਾਈ ਦੋਰਾਨ, ਸਭ ਤੋਂ ਪਹਿਲਾਂ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫ਼ਤਰ, ਅੰਮ੍ਰਿਤਸਰ ਨੇ ਇਸ ਪ੍ਰਸਤਾਵਿਤ ਪ੍ਰੋਜੈਕਟ ਦੀ ਜਨਤਕ ਸੁਣਵਾਈ ਵਿੱਚ ਸ਼ਾਮਲ ਹੋਣ ਲਈ ਆਏ ਸੁਪਰਵਾਈਜ਼ਿੰਗ-ਕਮ-ਪ੍ਰੀਜ਼ਾਈਡਿੰਗ ਅਫ਼ਸਰ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਨੇ ਦੱਸਿਆ ਕਿ ਕਾਰਜਕਾਰੀ ਇੰਜੀਨੀਅਰ, ਤਰਨ ਤਾਰਨ, ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਰਕਬਾ 29.32 ਹੈਕਟੇਅਰ ਖੇਤੀਬਾੜੀ ਵਾਲੀ ਜਮੀਨ ਪਿੰਡ ਜਲੋਕੇ ਅਤੇ ਕੋਟ ਬੁੱਢਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਵਿੱਚੋਂ 396980 ਟੀ.ਪੀ.ਏ ਰੇਤ ਦੀ ਮਾਇਨੰਗ ਕਰਨ ਦੀ ਤਜਵੀਜ਼ ਹੈ। ਪ੍ਰੋਜੈਕਟ ਦੀ ਅਰਜ਼ੀ ਵਿਚਾਰਣ ਉਪਰੰਤ, ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਨਿਰਧਾਰਿਤ ਤੈਅ ਵਿਧੀ ਮੁਤਾਬਿਕ ਸਟੇਟ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਨੇ ਡਰਾਫਟ ਇਨਵਾਇਰਮੈਂਟ ਇੰਪਕੈਟ ਅਸੈਸਮੈਂਟ (ਈ.ਆਈ.ਏ.) ਸਟੱਡੀ ਰਿਪੋਰਟ ਤਿਆਰ ਕਰਨ ਲਈ ਕੰਪਨੀ ਨੂੰ ਟਰਮਜ਼ ਆਫ ਰੈਫਰੇਂਸ ਜਾਰੀ ਕੀਤੇ ਸਨ। ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.09.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਗਈ ਹੈ । ਉਹਨਾਂ ਨੇ ਹਾਜਰ ਜਨਤਾ ਨੂੰ ਕੰਪਨੀ ਵਲੋਂ ਉਪਰੋਕਤ ਮਾਇਨਿੰਗ ਕਰਨ ਲਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋਂ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਕੰਪਨੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਸਾਰ (ਪੰਜਾਬੀ ਅਤੇ ਅੰਗਰੇਜੀ) ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਜਮ੍ਹਾਂ ਕਰਵਾਏ ਗਏ ਹਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਤਰਨ ਤਾਰਨ, ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਂਟਰ, ਤਰਨ ਤਾਰਨ, ਕਾਰਜਕਾਰੀ ਇੰਜੀਨੀਅਰ-ਕਮ-ਜਿਲਾ

ਮਾਈਨਿੰਗ ਅਫਸਰ, ਤਰਨ ਤਾਰਨ, ਰਿਜਨਲ ਦਫਤਰ, ਐਮ.ਓ.ਈ.ਐਫ., ਚੰਡੀਗੜ੍ਹ ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਅੰਮ੍ਰਿਤਸਰ ਦੇ ਦਫਤਰਾਂ ਵਿੱਚ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਵੈਬਸਾਈਟ ਉਪਰ ਵੀ ਅਪਲੋਡ ਵੀ ਕੀਤੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਲੋਕ ਇਸ ਤੱਕ ਪਹੁੰਚ ਕਰ ਸਕਣ। ਇਸ ਅਨੁਸਾਰ, ਪ੍ਰੋਜੈਕਟ ਦੀ ਜਨਤਕ ਸੁਣਵਾਈ ਮਿਤੀ 15.01.2024 ਨੂੰ ਨਿਸ਼ਚਿਤ ਕੀਤੀ ਗਈ ਸੀ ਪਰ ਮਿਤੀ 15.01.2024 ਨੂੰ ਨਿਰਧਾਰਿਤ ਜਨਤਕ ਸੁਣਵਾਈ ਕੁਝ ਅਣਸੁਖਾਵੇਂ ਹਾਲਾਤਾਂ ਕਾਰਨ ਨਹੀਂ ਹੋ ਸਕੀ। ਉਸ ਤੋਂ ਬਾਅਦ ਸਮਰੱਥ ਅਥਾਰਟੀ ਵੱਲੋਂ ਇਸ ਪ੍ਰਜੈਕਟ ਦੀ ਜਨਤਕ ਸੁਣਵਾਈ ਮੁੜ ਤੋਂ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਹੁਣ ਦੁਬਾਰਾ ਇਸ ਜਨਤਕ ਸੁਣਵਾਈ ਦਾ ਪਬਲਿਕ ਨੋਟਿਸ ਦੋ ਅਖਬਾਰਾਂ "ਦਿ ਟ੍ਰਿਬਿਊਨ (ਅੰਗਰੇਜ਼ੀ) ਅਤੇ 'ਜਗਬਾਣੀ' (ਪੰਜਾਬੀ) ਵਿੱਚ ਮਿਤੀ 22/02/2024 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ ਤਾਂ ਜੋ ਜਨਤਾ ਨੂੰ ਸੁਣਵਾਈ ਦੀ ਜਗ੍ਹਾ, ਤਾਰੀਖ ਅਤੇ ਸਮੇਂ ਦਾ ਪਤਾ ਲੱਗ ਜਾਵੇ ਅਤੇ ਨਾਲ ਹੀ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਸਾਰ ਕਿਹੜੇ-ਕਿਹੜੇ ਦਫਤਰਾਂ ਵਿੱਚ ਸੁਣਵਾਈ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ ਸਬੰਧੀ ਜਾਣਕਾਰੀ ਮਿਲ ਸਕੇ। ਇਹ ਵੀ ਸੂਚਿਤ ਕਰ ਦਿੱਤਾ ਗਿਆ ਸੀ ਕਿ ਪ੍ਰਸਤਾਵਿਤ ਪ੍ਰੋਜੈਕਟ ਤੇ ਸੁਝਾਅ, ਵਿਚਾਰ, ਟਿੱਪਣੀਆਂ ਅਤੇ ਇਤਰਾਜ਼ ਜੇਕਰ ਹੋਣ ਤਾਂ ਲਿਖਿਤ/ਈਮੇਲ/ਨਿੱਜੀ ਤੋਰ ਰਾਹੀਂ, ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ ਪਾਸ ਨੋਟਿਸ ਦੀ ਪ੍ਰਕਾਸ਼ਨਾ ਦੇ 30 ਦਿਨਾਂ ਦੇ ਅੰਦਰ-ਅੰਦਰ ਦਿੱਤੇ ਜਾ ਸਕਦੇ ਹਨ। ਇਸ ਉਪਰੰਤ ਉਹਨਾਂ ਕੰਪਨੀ ਦੇ ਵਾਤਾਵਰਣ ਸਲਾਹਕਾਰ ਨੂੰ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਜਨਤਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ ਲਈ ਕਿਹਾ। ਉਨ੍ਹਾਂ ਅੱਗੇ ਦੱਸਿਆ ਕਿ ਪਿੰਡਾਂ ਦੇ ਸਥਾਨਕ ਗੁਰਦੁਆਰਿਆਂ ਵਿੱਚ ਥਾਂ-ਥਾਂ 'ਤੇ ਜਨਤਕ ਸੁਣਵਾਈ ਕਰਵਾਉਣ ਦੇ ਐਲਾਨ ਕੀਤੇ ਗਏ ਹਨ ਅਤੇ ਇਸ ਸਬੰਧੀ ਪੈਂਫਲਿਟ ਪਿੰਡਾਂ ਦੇ ਲੋਕਾਂ ਨੂੰ ਵੀ ਵੰਡੇ ਗਏ ਸਨ। ਇਸ ਤੋਂ ਬਾਅਦ, ਉਸਨੇ ਵਿਭਾਗ ਦੇ ਨੁਮਾਇੰਦੇ ਭਾਵ, ਵਿਭਾਗ ਦੇ ਵਾਤਾਵਰਣ ਸਲਾਹਕਾਰ ਨੂੰ ਪ੍ਰੋਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ EIA ਅਧਿਐਨ ਰਿਪੋਰਟ ਦਾ ਖਰੜਾ ਵਿਸਤ੍ਰਿਤ ਕਰਨ ਲਈ ਬੇਨਤੀ ਕੀਤੀ।

ਵਿਭਾਗ ਦੇ ਨੁਮਾਇੰਦੇ ਨੇ ਜਨਤਾ ਨੂੰ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਦੱਸਿਆ ਕਿ ਤਜਵੀਜਤ ਮਾਈਨਿੰਗ ਪ੍ਰੋਜੈਕਟ ਪਿੰਡ ਜਲੋਕੇ ਅਤੇ ਕੋਟ ਬੁੱਢਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਦੀ ਰੈਵੀਨਿਊ ਐਸਟੇਟ ਵਿੱਚ ਪੈਂਦਾ ਹੈ ਜਿਸਦਾ ਵਿਥਕਾਰ 31°8'0.89" N ਅਤੇ 31°7'57.87" N ਲੰਬਕਾਰ 74°47'51.52" E ਅਤੇ 74°47'50.35" E ਹੈ ਅਤੇ ਇਸ ਨੂੰ 29.32 ਹੈਕਟੇਅਰ ਏਰੀਏ ਵਿੱਚ 396980 ਟੀ.ਪੀ.ਏ ਦੇ ਹਿਸਾਬ ਨਾਲ ਰੇਤ ਦੀ ਮਾਈਨਿੰਗ ਕਰਨ ਦੀ ਆਗਿਆ ਮਿਲੀ ਹੋਈ ਹੈ। ਪ੍ਰੋਜੈਕਟ ਦੀ ਅਨੁਮਾਨਤ ਲਾਗਤ 35.51 ਲੱਖ ਰੁਪਏ ਹੈ। ਮਾਈਨ ਅਤੇ ਜਿਓਲੋਜੀ ਵਿਭਾਗ, ਪੰਜਾਬ ਨੇ 3 ਸਾਲਾਂ ਲਈ ਰੇਤ ਦੀ ਮਾਈਨਿੰਗ ਕਰਨ ਲਈ ਪੱਤਰ ਜਾਰੀ ਕਰ ਦਿੱਤਾ ਹੈ। ਨਜ਼ਦੀਕੀ ਰੇਲਵੇ ਸਟੇਸ਼ਨ ਘਰਿਆਲਾ NW ਦਿਸ਼ਾ ਵਿੱਚ 11 ਕਿਲੋਮੀਟਰ ਦੀ ਦੂਰੀ 'ਤੇ ਹੈ। NH-354; ਲਗਭਗ NW ਦਿਸ਼ਾ ਵਿੱਚ 5 ਕਿ.ਮੀ. ਦੀ ਦੂਰੀ ਤੇ ਹੈ। ਪਾਕਿਸਤਾਨ ਦੀ ਸਰਹੱਦ ਸਾਈਟ ਤੋਂ ਪੱਛਮ ਦਿਸ਼ਾ ਵਿੱਚ 4.55 ਕਿਲੋਮੀਟਰ ਦੂਰ ਹੈ। ਪ੍ਰੋਜੈਕਟ ਸਾਈਟ ਲਈ ਪਾਣੀ ਦੀ ਕੁੱਲ ਲੋੜ 15.28 KLD ਹੈ। ਪ੍ਰੋਜੈਕਟ ਵਿੱਚ ਕੁੱਲ 32 ਵਿਅਕਤੀ ਕੰਮ ਕਰਨਗੇ। ਇੱਕ ਸਾਲ ਵਿੱਚ 300 ਕੰਮਕਾਜੀ ਦਿਨ ਹੋਣਗੇ ਅਤੇ ਇੱਕ ਦਿਨ ਵਿੱਚ 8 ਘੰਟੇ ਦੀ ਇੱਕ ਸ਼ਿਫਟ ਹੋਵੇਗੀ। ਮਾਈਨਿੰਗ ਖੇਤਰ ਵਿੱਚੋਂ ਵੱਧ ਤੋਂ ਵੱਧ 1 ਮੀਟਰ ਦੀ ਡੂੰਘਾਈ ਤੱਕ ਪਟਾਈ ਕੀਤੀ ਜਾਵੇਗੀ। ਧੂੜ ਨੂੰ ਨਿਯੰਤਰਿਤ ਕਰਨ ਲਈ ਲੋਡਿੰਗ ਪੁਆਇੰਟ/ਸੜਕਾਂ 'ਤੇ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ ਅਤੇ ਸਮੱਗਰੀ ਲੈ ਕੇ ਜਾਣ ਵਾਲੇ ਟਰੱਕਾਂ ਨੂੰ 'ਤਰਪਾਲਾਂ' ਨਾਲ ਢੱਕਿਆ ਜਾਵੇਗਾ ਅਤੇ ਓਵਰਲੋਡਿੰਗ ਨਹੀ ਕੀਤੀ ਜਾਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਟਰਾਂਸਪੋਰਟ ਵਾਹਨਾਂ ਕੋਲ ਇੱਕ ਵੈਧ PUC ਸਰਟੀਫਿਕੇਟ ਹੋਵੇਗਾ। ਪਹੁੰਚਣ ਵਾਲੀਆਂ ਸੜਕਾਂ ਅਤੇ ਆਸ-ਪਾਸ ਦੇ ਇਲਾਕੇ ਵਿੱਚ ਪੌਦੇ ਲਗਾਏ ਜਾਣਗੇ। ਵਾਹਨਾਂ ਦੀ ਲੋਡਿੰਗ ਅਤੇ ਆਵਾਜਾਈ ਦੇ ਦੌਰਾਨ ਪੈਦਾ ਹੋਣ ਵਾਲੀ ਧੂੜ ਦੀ ਸਮੱਸਿਆ ਨੂੰ ਘਟਾਉਣ ਲਈ ਮਾਈਨਿੰਗ ਸਾਈਟ ਅਤੇ ਇਸਦੇ ਨਾਲ ਲੱਗਦੇ ਖੇਤਰ ਵਿੱਚ

ਪੌਦੇ ਲਗਾਏ ਜਾਣਗੇ। ਪਾਣੀ ਦੀਆਂ ਵਿਸ਼ੇਸ਼ਤਾਵਾਂ ਪ੍ਰਭਾਵਿਤ ਨਹੀਂ ਹੋਣਗੀਆਂ ਕਿਉਂਕਿ ਮਾਈਨਿੰਗ ਨਦੀ ਦੇ ਕੰਢੇ ਦੇ ਨੇੜੇ ਕੀਤੀ ਜਾਵੇਗੀ। ਮੌਨਸੂਨ ਸੀਜ਼ਨ ਦੌਰਾਨ ਮਾਈਨਿੰਗ ਨਹੀਂ ਕੀਤੀ ਜਾਵੇਗੀ। ਮਾਈਨਿੰਗ ਪ੍ਰਕਿਰਿਆ ਦੌਰਾਨ ਵਪਾਰਕ ਗੰਦਗੀ ਦੀ ਕੋਈ ਪੈਦਾਵਾਰ ਨਹੀਂ ਹੋਵੇਗੀ ਅਤੇ ਗੰਦਾ ਪਾਣੀ ਸਿਰਫ ਦਫਤਰ ਦੇ ਪਖਾਨਿਆਂ ਤੋਂ ਹੀ ਪੈਦਾ ਹੋਵੇਗਾ ਜਿਸ ਲਈ ਸੈਪਟਿਕ ਟੈਂਕ ਦਾ ਪ੍ਰਬੰਧ ਹੋਵੇਗਾ। ਆਵਾਜ਼ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਵਾਹਨਾਂ ਦੀ ਲੁਬਰੀਕੇਸ਼ਨ/ਗਰੀਸਿੰਗ ਨਿਯਮਤ ਅੰਤਰਾਲਾਂ 'ਤੇ ਕੀਤੀ ਜਾਵੇਗੀ। ਸਾਰੇ ਆਪਰੇਟਰਾਂ ਅਤੇ ਵਰਕਰਾਂ ਨੂੰ ਸੁਰੱਖਿਆ ਉਪਕਰਨ ਮੁਹੱਈਆ ਕਰਵਾਏ ਜਾਣਗੇ। ਧੂੜ ਅਤੇ ਆਵਾਜ਼ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਕੱਚੇ ਰਸਤੇ ਦੇ ਨਾਲ-ਨਾਲ ਹਰੀ ਪੱਟੀ ਵਿਕਸਤ ਕੀਤੀ ਜਾਵੇਗੀ। ਸ਼ੋਰ ਦਾ ਪੱਧਰ ਨਿਯਮਤ ਅੰਤਰਾਲਾਂ 'ਤੇ ਮਾਪਿਆ ਜਾਵੇਗਾ। ਮਾਈਨਿੰਗ ਨਿਰਧਾਰਤ 29.32 ਹੈਕਟੇਅਰ ਦੇ ਖੇਤਰ ਵਿੱਚ ਹੀ ਕੀਤੀ ਜਾਵੇਗੀ।

ਇਸ ਤੋਂ ਬਾਅਦ, ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫ਼ਤਰ, ਅੰਮ੍ਰਿਤਸਰ ਨੇ ਸੁਣਵਾਈ ਵਾਲੀ ਥਾਂ 'ਤੇ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.09.2006 ਦੇ ਉਪਬੰਧਾਂ ਅਨੁਸਾਰ, ਸੁਣਵਾਈ ਵਾਲੀ ਥਾਂ 'ਤੇ ਹਾਜ਼ਰ ਲੋਕ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਵੀ ਜਾਣਕਾਰੀ ਜਾਂ ਸਪੱਸ਼ਟੀਕਰਨ ਮੰਗ ਸਕਦਾ ਹੈ ਅਤੇ ਇਤਰਾਜ਼ ਵੀ ਉਠਾ ਸਕਦਾ ਹੈ, ਜੇਕਰ ਕੋਈ ਹੋਵੇ। ਇਸ ਮੌਕੇ ਹਾਜ਼ਰ ਵਿਅਕਤੀਆਂ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਉਨ੍ਹਾਂ ਵੱਲੋਂ ਉਠਾਈ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਜਾਂ ਇਤਰਾਜ਼ ਅਤੇ ਪ੍ਰੋਜੈਕਟ ਪ੍ਰਪੋਨੈਂਟ ਵੱਲੋਂ ਦਿੱਤੇ ਗਏ ਜਵਾਬ ਨੂੰ ਸੁਣਵਾਈ ਦੀ ਕਾਰਵਾਈ ਵਿੱਚ ਦਰਜ ਕੀਤਾ ਜਾਵੇਗਾ, ਜੋ ਕਿ ਅਗਲੇਰੀ ਕਾਰਵਾਈ ਲਈ ਸਟੇਟ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਨੂੰ ਭੇਜਿਆ ਜਾਵੇਗਾ। ਇਸ ਦੇ ਅਨੁਸਾਰ, ਉਸਨੇ ਸੁਣਵਾਈ ਵਿੱਚ ਹਾਜ਼ਰ ਵਿਅਕਤੀਆਂ ਨੂੰ ਇੱਕ-ਇੱਕ ਕਰਕੇ ਜਾਣਕਾਰੀ ਜਾਂ ਸਪਸ਼ਟੀਕਰਨ ਜਾਂ ਇਤਰਾਜ਼, ਉਠਾਉਣ ਦੀ ਬੇਨਤੀ ਕੀਤੀ। ਉਹਨਾਂ ਨੇ ਇਹ ਵੀ ਦੱਸਿਆ ਕਿ ਬੋਰਡ ਵੱਲੋਂ ਹੁਣ ਤੱਕ ਇਸ ਪ੍ਰੋਜੈਕਟ ਬਾਰੇ ਕੋਈ ਵੀ ਜਾਣਕਾਰੀ/ਸਪਸ਼ਟੀਕਰਨ/ਟਿੱਪਣੀਆਂ/ਵਿਚਾਰ/ਸੁਝਾਅ/ਇਤਰਾਜ਼ ਲਿਖਤੀ ਰੂਪ ਵਿੱਚ ਜਨਤਾ ਤੋਂ ਪ੍ਰਾਪਤ ਨਹੀਂ ਕੀਤੇ ਹਨ।

ਇਸ ਤੋਂ ਬਾਅਦ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫਤਰ, ਅੰਮ੍ਰਿਤਸਰ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇਕਰ ਕੋਈ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਸਵਾਲ ਜਾਂ ਇਤਰਾਜ਼ ਪੁੱਛਣਾ ਚਾਹੁੰਦਾ ਹੈ ਤਾਂ ਉਹ ਅੱਗੇ ਆ ਸਕਦਾ ਹੈ, ਪਰ ਕੋਈ ਵੀ ਅੱਗੇ ਨਹੀਂ ਆਇਆ। ਨਿਗਰਾਨ-ਕਮ-ਪ੍ਰੀਜ਼ਾਈਡਿੰਗ ਅਫਸਰ ਵਲੋਂ ਵੀ ਜਨਤਾ ਨੂੰ ਬੇਨਤੀ ਕੀਤੀ ਕਿ ਜੇਕਰ ਕਿਸੇ ਨੂੰ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਸਵਾਲ ਜਾਂ ਇਤਰਾਜ਼ ਹੈ ਤਾਂ ਉਹ ਮੋਕੇ ਤੇ ਸਪਸ਼ਟੀਕਰਨ ਪ੍ਰਾਪਤ ਕਰ ਸਕਦਾ ਹੈ , ਪਰੰਤੂ ਮੋਕੇ ਤੇ ਮੋਜੂਦ ਕੋਈ ਵੀ ਵਿਅਕਤੀ ਅੱਗੇ ਨਹੀਂ ਆਇਆ। ਉਸ ਤੋਂ ਬਾਅਦ ਉਹਨਾਂ ਨੇ ਇਸ ਪ੍ਰੋਜੈਕਟ ਦੇ ਹੱਕ ਵਿੱਚ ਲੋਕਾਂ ਨੂੰ ਆਪਣੇ ਹੱਥ ਖੜ੍ਹੇ ਕਰਨ ਲਈ ਕਿਹਾ ਅਤੇ ਜਨਤਕ ਸੁਣਵਾਈ ਵਿੱਚ ਹਾਜ਼ਰ ਸਾਰੇ ਵਿਅਕਤੀਆਂ ਨੇ ਇਸ ਪ੍ਰੋਜੈਕਟ ਦੇ ਹੱਕ ਵਿੱਚ ਹੱਥ ਖੜੇ ਕੀਤੇ। ਇਸ ਜਨਤਕ ਸੁਣਵਾਈ ਦੀ ਸੰਪੂਰਨ ਵੀਡੀਓਗ੍ਰਾਫੀ ਕੀਤੀ ਗਈ ਅਤੇ ਜਨਤਕ ਸੁਣਵਾਈ ਵਿੱਚ 29 ਵਿਅਕਤੀਆਂ ਨੇ ਹਿੱਸਾ ਲਿਆ।

ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਦੀ ਪ੍ਰਧਾਨਗੀ ਲਈ ਆਏ ਮਾਨਯੋਗ ਉਪ ਮੰਡਲ ਮੈਜਿਸਟ੍ਰੇਟ ਅਤੇ ਹਾਜਰਾਨ ਲੋਕਾਂ ਦਾ ਧੰਨਵਾਦ ਕਰਦੇ ਹੋਏ ਜਨਕਤ ਸੁਣਵਾਈ ਦੀ ਕਾਰਵਾਈ ਪੂਰੀ ਕੀਤੀ ਗਈ।

| | | |
|---|---|---|
| 18/03/2024 | ਸੁਖਦੇਵ ਸਿੰਘ 18/3 | 18/3 |
| (ਇੰਜ. ਵਿਨੋਦ ਕੁਮਾਰ) | (ਇੰਜ. ਸੁਖਦੇਵ ਸਿੰਘ), | (ਸ੍ਰੀ ਕਿਰਪਾਲਵੀਰ ਸਿੰਘ, ਪੀ.ਸੀ.ਐਸ) |
| ਸਹਾਇਕ ਵਾਤਾਵਰਣ ਇੰਜੀਨੀਅਰ, | ਵਾਤਾਵਰਣ ਇੰਜੀਨੀਅਰ, | ਨਿਗਰਾਨ-ਕਮ-ਪ੍ਰੀਜ਼ਾਈਡਿੰਗ ਅਫਸਰ |
| ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, | ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, | ਉਪ ਮੰਡਲ ਮੈਜਿਸਟਰੇਟ, |
| ਖੇਤਰੀ ਦਫ਼ਤਰ, ਅੰਮ੍ਰਿਤਸਰ। | ਖੇਤਰੀ ਦਫ਼ਤਰ, ਅੰਮ੍ਰਿਤਸਰ। | ਪੱਟੀ, ਜ਼ਿਲ੍ਹਾ ਤਰਨਤਾਰਨ |